# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.)
ਸਮੂਹ ਡਾਇਟ ਪ੍ਰਿੰਸੀਪਲ
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ: SCERT, QP/UP/ 2023-*317881*
ਮਿਤੀ: ਐਸ.ਏ.ਐਸ.ਨਗਰ, 28-ਨਵੰਬਰ-23

**ਵਿਸ਼ਾ: ਮਿਸ਼ਨ ਸਮਰੱਥ ਤਹਿਤ ਸਕੂਲ ਪੱਧਰ ਦੀਆਂ ਗਤੀਵਿਧੀਆਂ ਕਰਵਾਉਣ ਸਬੰਧੀ।**

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

1.1 ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਸਿੱਖਣ ਪੱਧਰ ਵਿੱਚ ਸੁਧਾਰ ਕਰਨ ਲਈ ਜਮਾਤ ਤੀਜੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਲਈ **ਮਿਸ਼ਨ ਸਮਰੱਥ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਮਿਸ਼ਨ ਸਮਰੱਥ TaRL (Teaching at Right Level)** ਪੱਧਤੀ 'ਤੇ ਅਧਾਰਿਤ ਹੈ।

1.2 ਪੜ੍ਹਾਈ ਨਾਲ ਸਬੰਧਿਤ ਵੱਖ-ਵੱਖ ਰਿਪੋਰਟਾਂ ਇਹ ਦਰਸਾਉਂਦੀਆਂ ਹਨ ਕਿ ਪੰਜਾਬ ਵਿੱਚ ਤੀਸਰੀ ਤੋਂ ਅੱਠਵੀ ਜਮਾਤ ਤੱਕ ਦੇ ਅਜੇ ਵੀ ਕੁਝ ਬੱਚੇ ਅਜਿਹੇ ਹਨ ਜੋ ਭਾਸ਼ਾ ਅਤੇ ਗਣਿਤ ਦੀਆਂ ਮੁੱਢਲੀਆਂ ਕੁਸ਼ਲਤਾਵਾਂ ਵਿੱਚ ਸਮਰੱਥ ਨਹੀਂ ਹਨ। ਇਸ ਦੇ ਲਈ ਸਰਕਾਰ ਵਲੋਂ ਪੰਜਾਬ ਦੇ ਸਾਰੇ ਸਕੂਲਾਂ ਵਿੱਚ **'ਮਿਸ਼ਨ ਸਮਰੱਥ'** ਸ਼ੁਰੂ ਕੀਤਾ ਜਾ ਰਿਹਾ ਹੈ।

**2.0 ਮਿਸ਼ਨ ਸਮਰੱਥ ਦਾ ਟੀਚਾ** – ਤੀਸਰੀ ਜਮਾਤ ਤੋਂ ਲੈ ਕੇ ਅੱਠਵੀ ਜਮਾਤ ਤੱਕ ਦੇ ਸਾਰੇ ਬੱਚੇ:

2.1 ਪੰਜਾਬੀ ਵਿੱਚ ਕਹਾਣੀ ਨੂੰ ਪੜ੍ਹ ਸਕਣ।

2.2 ਅੰਗਰੇਜ਼ੀ ਵਿੱਚ ਕਹਾਣੀ ਨੂੰ ਪੜ੍ਹ ਸਕਣ।

2.3 ਗਣਿਤ ਵਿੱਚ ਸਧਾਰਨ ਭਾਗ ਕਰ ਸਕਣ।

**3.0** ਮਿਸ਼ਨ ਸਮਰੱਥ ਤਹਿਤ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ –

3.1 **ਬੱਚਿਆਂ ਦਾ ਮੁਲਾਂਕਣ –**

3.1.1 ਮਿਸ਼ਨ ਸਮਰੱਥ ਦੇ ਅੰਤਰਗਤ ਜਮਾਤ ਤੀਸਰੀ ਤੋਂ ਅੱਠਵੀ ਤੱਕ ਦੇ ਸਾਰੇ ਵਿਦਿਆਰਥੀਆਂ ਦਾ ਪੰਜਾਬੀ, ਅੰਗਰੇਜ਼ੀ ਅਤੇ ਗਣਿਤ ਵਿਸ਼ੇ ਦਾ ਵਿਅਕਤੀਗਤ ਪੱਧਰ ਤੇ ਮੁਲਾਂਕਣ ਕੀਤਾ ਜਾਣਾ ਹੈ।

3.1.2 ਵਿਭਾਗ ਵਲੋਂ ਪਹਿਲਾਂ ਜਾਰੀ ਪੱਤਰ ਨੰ: SCERT/QP/UP/2023/298791 ਮਿਤੀ 23-10-2023 ਅਨੁਸਾਰ ਸਕੂਲ ਦੇ ਤੀਜੀ ਤੋਂ ਅੱਠਵੀਂ ਜਮਾਤ ਤੱਕ ਦੇ ਹਰ ਵਿਦਿਆਰਥੀ ਦਾ ਮੁਲਾਂਕਣ ਵਿਅਕਤੀਗਤ ਪੱਧਰ ਤੇ ਮਿਤੀ 25-10-2023 ਤੱਕ ਕਰਨ ਲਈ ਸਮਾਂ ਨਿਰਧਾਰਿਤ ਕੀਤਾ ਗਿਆ ਸੀ ਪਰ ਫਿਰ ਵੀ ਜੇ ਕਿਸੇ ਬੱਚੇ ਦਾ ਮੁਲਾਂਕਣ ਅਜੇ ਤੱਕ ਰਹਿ ਗਿਆ ਹੈ ਤਾਂ ਉਹ ਸਕੂਲ ਮੁੱਖੀ ਵਿਸ਼ੇਸ਼ ਧਿਆਨ ਦੇ ਕੇ 2-3 ਦਿਨਾਂ ਦੇ ਵਿੱਚ-ਵਿੱਚ ਇਹ ਮੁਲਾਂਕਣ ਪੂਰਾ ਕਰ ਲੈਣ।

3.1.3 ਸਕੂਲ ਮੁੱਖੀ Randomly ਮੁਲਾਂਕਣ ਦੀ ਜਾਂਚ ਕਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਮੁਲਾਂਕਣ ਬਿਲਕੁੱਲ ਸਹੀ ਹੋਇਆ ਹੈ।

3.1.4 ਇਸੇ ਤਰਾਂ ਵਿਦਿਆਰਥੀਆਂ ਦਾ ਦਸੰਬਰ ਅਤੇ ਫਰਵਰੀ ਵਿੱਚ ਵੀ ਮੁਲਾਂਕਣ ਕੀਤਾ ਜਾਵੇਗਾ।

3.1.5 ਦਸੰਬਰ-2023 ਅਤੇ ਫਰਵਰੀ-2024 ਵਿੱਚ ਹੋਣ ਵਾਲੇ ਮੁਲਾਂਕਣ ਲਈ ਨਿਰਧਾਰਿਤ ਟੂਲ ਮੁੱਖ ਦਫਤਰ ਵਲੋਂ ਤਿਆਰ ਕਰਕੇ ਭੇਜੇ ਜਾਣਗੇ। ਦਸੰਬਰ ਅਤੇ ਫਰਵਰੀ ਦੇ ਮੁਲਾਂਕਣ ਲਈ ਟੂਲਜ਼ ਦੀ ਬਣਤਰ ਅਤੇ ਪੱਧਰ ਅਕਤੂਬਰ 2023 ਵਿੱਚ ਕੀਤੀ ਟੈਸਟਿੰਗ ਲਈ ਵਰਤੇ ਗਏ ਟੂਲਜ਼ ਵਰਗੀ ਹੀ ਹੋਵੇਗੀ।

3.1.6 ਸਕੂਲ ਮੁੱਖੀ ਇਹ ਯਕੀਨੀ ਬਣਾਏਗਾ ਕਿ ਹਰੇਕ ਵਿਦਿਆਰਥੀ ਦੇ ਮੁਲਾਂਕਣ ਦਾ ਸਹੀ ਡਾਟਾ ਅਧਿਆਪਕਾਂ ਦੁਆਰਾ ਈ-ਪੰਜਾਬ ਸਟਾਫ ਲਾਗ-ਇਨ ਐਪ **(E-Punjab staff login app)** ਤੇ ਮਿਤੀ 30-11-2023 ਤਕ ਅਪਲੋਡ ਕੀਤਾ ਜਾਵੇ।

3.1.7 ਈ-ਪੰਜਾਬ ਸਟਾਫ ਲਾਗਇਨ ਐਪ ਵਿੱਚ "ਸਮਰੱਥ" ਸਿਰਲੇਖ ਵਾਲਾ ਇੱਕ ਲਿੰਕ ਹੈ ਜਿਸ ਵਿੱਚ ਅਧਿਆਪਕ ਹਰੇਕ ਵਿਦਿਆਰਥੀ ਦੇ ਸਿੱਖਣ ਪੱਧਰ ਨੂੰ ਅਪਲੋਡ ਕਰ ਸਕਦੇ ਹਨ। ਈ-ਪੰਜਾਬ ਸਟਾਫ ਲਾਗਇਨ ਐਪ ਨੂੰ ਪਲੇਅ ਸਟੋਰ ਅਤੇ ਐਪ ਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

3.1.8 ਵਿਦਿਆਰਥੀਆਂ ਦੇ ਸਿੱਖਣ ਦੇ ਪੱਧਰ ਨੂੰ ਅਪਲੋਡ ਕਰਨ ਲਈ, ਹੇਠਾਂ ਦਿੱਤੇ ਸਟੈਪ ਦੀ ਪਾਲਣਾ ਕਰੋ:

- ਈ-ਪੰਜਾਬ ਸਟਾਫ ਲਾਗ-ਇਨ ਐਪ ਖੋਲ੍ਹੋ
- ਹੋਮ ਪੇਜ 'ਤੇ 'ਸਮਰੱਥ' 'ਤੇ ਕਲਿੱਕ ਕਰੋ
- 'ਸ਼ੁਰੂਆਤ ਮੁਲਾਂਕਣ' 'ਤੇ ਕਲਿੱਕ ਕਰੋ
- ਕਲਾਸ ਅਤੇ ਸੈਕਸ਼ਨ ਚੁਣੋ। ਵਿਦਿਆਰਥੀਆਂ ਦੇ ਨਾਮ ਦਿਖਾਈ ਦੇਣਗੇ
- ਵਿਦਿਆਰਥੀ ਅਨੁਸਾਰ ਸਿੱਖਣ ਦੇ ਪੱਧਰਾਂ ਨੂੰ ਅੱਪਲੋਡ ਕਰਨ ਲਈ 'ਸਟਾਰਟ' 'ਤੇ ਕਲਿੱਕ ਕਰੋ।
- ਸਬਮਿਟ ਦਬਾਓ ਅਤੇ ਅਗਲੇ ਵਿਦਿਆਰਥੀ 'ਤੇ ਜਾਓ।

3.1.9. ਕਿਰਪਾ ਕਰਕੇ ਨਵੀਆਂ ਵਿਸ਼ੇਸ਼ਤਾਵਾਂ (updates) ਲਈ ਐਪ ਨੂੰ ਅੱਪਡੇਟ ਰੱਖੋ।

3.2 **ਪੱਧਰ ਅਨੁਸਾਰ ਗਰੁੱਪ :**


3.2.1 ਮੁਲਾਂਕਣ ਤੋਂ ਬਾਅਦ ਬੱਚਿਆਂ ਦੇ ਪੱਧਰ ਅਨੁਸਾਰ ਗਰੁੱਪ ਬਣਾ ਲਏ ਜਾਣ ।

3.2.2 ਵਿਦਿਆਰਥੀਆਂ ਦਾ ਗੁਰੱਪ ਨਿਰਧਾਰਿਤ ਕਰਨ ਸਮੇਂ ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਵਿਦਿਆਰਥੀ ਦੇ ਪੰਜਾਬੀ ਦੇ ਪੱਧਰ ਅਨੁਸਾਰ ਹੀ ਵਿਦਿਆਰਥੀਆਂ ਦੇ ਗੁਰੱਪ ਬਣਾਏ ਜਾਣ। ਪੰਜਾਬੀ ਦੇ ਪੱਧਰ (ਆਰੰਭਕ, ਅੱਖਰ, ਸ਼ਬਦ, ਪੈਰ੍ਹਾ, ਕਹਾਣੀ) ਅਨੁਸਾਰ ਹੀ ਵਿਦਿਆਰਥੀ ਦਾ ਸਿੱਖਣ ਪੱਧਰ ਮੰਨਿਆ ਜਾਵੇਗਾ।


3.2.3 ਜਮਾਤ/ਸਕੂਲ ਵਿੱਚ ਪੜਾਉਣ ਸਮੇਂ ਵੱਖ-ਵੱਖ ਪੱਧਰਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਅਲੱਗ-ਅਲੱਗ ਗਰੁੱਪ ਇਸ ਤਰਾਂ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇ ਕਿ ਕਿਸੇ ਵੀ ਗਰੁੱਪ ਵਿੱਚ ਵਿਦਿਆਰਥੀਆਂ ਦੀ ਗਿਣਤੀ **30-40** ਤੋਂ ਵੱਧ ਨਾਂ ਹੋਵੇ।

ਜਿਵੇਂ:- ਉਦਾਹਰਣ ਵਜੋਂ:

- ਉਦਾਹਰਨ-1: ਪੰਜਾਬੀ ਦੇ ਮੁਲਾਂਕਣ ਵਿੱਚ ਕਿਸੇ ਸਕੂਲ ਵਿੱਚ ਆਰੰਭਕ ਪੱਧਰ ਤੇ 18 ਬੱਚੇ, ਅੱਖਰ ਪੱਧਰ ਤੇ 24 ਬੱਚੇ, ਸ਼ਬਦ ਪੱਧਰ ਤੇ 12 ਬੱਚੇ, ਪੈਰ੍ਹਾ ਪੱਧਰ ਤੇ 18 ਬੱਚੇ ਅਤੇ ਕਹਾਣੀ ਪੱਧਰ ਤੇ 14 ਬੱਚੇ ਹਨ ਤਾਂ ਉਹ ਸਕੂਲ ਮੁੱਖੀ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਹੇਠ ਦਿੱਤੇ ਮੁਤਾਬਿਕ ਗਰੁੱਪ ਬਣਾ ਸਕਦਾ ਹੈ:




- ਉਦਾਹਰਨ-2 ਇਸੇ ਤਰ੍ਹਾਂ ਇੱਕ ਹੋਰ ਉਦਾਹਰਣ ਵਜੋਂ ਜੇ ਕਿਸੇ ਸਕੂਲ ਵਿੱਚ ਆਰੰਭਕ ਪੱਧਰ ਤੇ 10 ਬੱਚੇ, ਅੱਖਰ ਪੱਧਰ ਤੇ 12 ਬੱਚੇ, ਸ਼ਬਦ ਪੱਧਰ ਤੇ 14 ਬੱਚੇ, ਪੈਰ੍ਹਾ ਪੱਧਰ ਤੇ 24 ਬੱਚੇ ਅਤੇ ਕਹਾਣੀ ਪੱਧਰ ਤੇ 29 ਬੱਚੇ ਹਨ ਤਾਂ ਉਹ ਸਕੂਲ ਮੁੱਖੀ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਹੇਠ ਦਿੱਤੇ ਮੁਤਾਬਿਕ ਗਰੁੱਪ ਬਣਾ ਸਕਦਾ ਹੈ:




ਉਦਾਹਰਨ-3: ਮੁਲਾਂਕਣ ਦੌਰਾਣ ਜੇ ਕਿਸੇ ਸਕੂਲ ਵਿੱਚ ਵੱਖ-ਵੱਖ ਵਿਸ਼ਿਆਂ ਦੇ ਪੱਧਰਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੋਵੇ ਤਾਂ ਗਰੁਪਿੰਗ ਦੀ ਸੁਝਾਵਿਤ ਵਿਧੀ ਅੱਗੇ ਦਿੱਤੇ ਅਨੁਸਾਰ ਹੋ ਸਕਦੀ ਹੈ:

| | | | | |
|---|---|---|---|---|
| ਪੰਜਾਬੀ | ਪੱਧਰ-1 | 29 | ਪੱਧਰ -2 | 84 |
| ਅੰਗ੍ਰੇਜੀ | ਪੱਧਰ-1 | 65 | ਪੱਧਰ -2 | 48 |
| ਗਣਿਤ | ਪੱਧਰ-1 | 27 | ਪੱਧਰ -2 | 86 |

ਆਮ ਤੌਰ ਤੇ ਇਹ ਦੇਖਣ ਵਿੱਚ ਆਉਂਦਾ ਹੈ ਕਿ ਜਿਹੜੇ ਬੱਚੇ ਪੰਜਾਬੀ ਦੇ ਲੈਵਲ 1 ਤੇ ਹਨ ਉਹੀ ਬੱਚੇ ਗਣਿਤ ਦੇ ਲੈਵਲ 1 ਤੇ ਹੁੰਦੇ ਹਨ। ਇਸ ਤਰ੍ਹਾਂ ਦੀ ਸਥਿਤੀ ਵਿੱਚ ਪੰਜਾਬੀ ਦੇ ਪੱਧਰ ਤੇ ਬੱਚਿਆਂ ਦੇ ਲੈਵਲ ਫਿਕਸ ਕੀਤੇ ਜਾਣ ਤੇ ਇਹ ਸੰਭਾਵਨਾ ਹੈ ਕਿ ਅੰਗਰੇਜ਼ੀ ਵਿਸ਼ੇ ਦੇ ਕੁੱਝ ਬੱਚੇ ਜੋ ਕਿ ਲੈਵਲ 1 ਤੇ ਹੋਣਗੇ ਪਰ ਉਹ ਪੰਜਾਬੀ ਦੇ ਲੈਵਲ 2 ਤੇ ਹੋ ਸਕਦੇ ਹਨ। ਕਿਉਂਕਿ ਅੰਗਰੇਜ਼ੀ ਵਿੱਚ ਲੈਵਲ 1 ਵਿੱਚ ਬੱਚਿਆ ਦੀ ਗਿਣਤੀ(65) ਪੰਜਾਬੀ ਦੇ ਲੈਵਲ 1 ਦੇ ਬੱਚਿਆਂ ਦੀ ਗਿਣਤੀ(29) ਨਾਲੋਂ ਵੱਧ ਹੈ। ਇਸ ਤਰ੍ਹਾਂ ਦੀ ਸਥਿਤੀ ਵਿੱਚ ਹੇਠ ਦਿੱਤੀ ਗਰੁਪਿੰਗ ਸਕੀਮ ਨੂੰ ਲਾਗੂ ਕੀਤਾ ਜਾ ਸਕਦਾ ਹੈ:




ਭਾਵ: ਸਕੂਲ ਮੁੱਖੀ ਆਪਣੀ ਸਹੂਲਤ ਅਨੁਸਾਰ ਵਿਦਿਆਰਥੀਆਂ ਦੇ ਪੱਧਰ ਅਤੇ ਗਿਣਤੀ ਨੂੰ ਦੇਖਦੇ ਹੋਏ ਗਿਣਤੀ ਘੱਟ ਹੋਣ ਤੇ ਗਰੁੱਪ ਇਕੱਠੇ ਵੀ ਕਰ ਸਕਦਾ ਹੈ ਅਤੇ ਗਿਣਤੀ ਵੱਧ ਹੋਣ ਤੇ ਅਲੱਗ-ਅਲੱਗ ਵੀ। ਭਾਵ ਸਕੂਲ ਮੁੱਖੀ ਦੋਵਾਂ ਗੁਰੱਪਾਂ ਵਿੱਚੋਂ ਅਲੱਗ-ਅਲੱਗ ਪੱਧਰਾਂ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਗਿਣਤੀ ਅਨੁਸਾਰ ਇਕੱਠਾ ਇੱਕ ਗਰੁੱਪ ਵਿੱਚ ਵੀ ਪੜ੍ਹਾ ਸਕਦਾ ਹੈ।

3.2.4 ਸਕੂਲ ਮੁੱਖੀ ਵਿਦਿਆਰਥੀਆਂ ਦੀ ਗਿਣਤੀ ਜਾਂ ਜਰੂਰਤ ਅਨੁਸਾਰ ਇਹ ਗੁਰੱਪ ਸਕੂਲ ਪੱਧਰ ਤੇ ਜਾਂ ਜਮਾਤ ਪੱਧਰ ਤੇ ਬਣਾ ਸਕਦੇ ਹਨ।

3.2.5 ਸਕੂਲ ਮੁੱਖੀ ਮਿਸ਼ਨ ਸਮਰੱਥ ਅਧੀਨ ਚੁਣੇ ਗਏ ਵਿਦਿਆਰਥੀਆਂ ਦੇ ਪੱਧਰ ਨੂੰ ਛੇਤੀ ਉੱਚਾ ਚੁੱਕਣ ਲਈ ਆਪਣੀ ਸੁਵਿਧਾ ਅਨੁਸਾਰ ਅਧਿਆਪਕਾਂ ਦੀ ਡਿਊਟੀ ਲਗਾਉਣ।

3.2.6 ਸਕੂਲ ਮੁੱਖੀ ਰੋਜ਼ਾਨਾ ਸਕੂਲ ਵਿੱਚ ਮਿਸ਼ਨ ਸਮਰੱਥ ਅਧੀਨ ਚੱਲ ਰਹੀਆਂ ਗਤੀਵਿਧੀਆਂ ਨੂੰ ਵਾਚੇਗਾ ਅਤੇ ਅਧਿਆਪਕਾਂ ਨਾਲ ਇਸ ਸਬੰਧੀ ਗੱਲਬਾਤ ਕਰੇਗਾ ਅਤੇ ਇਹ ਸੁਨਿਸ਼ਚਿਤ ਕਰੇਗਾ ਕਿ ਮਿਸ਼ਨ ਸਮਰੱਥ ਦੀਆਂ ਗਤੀਵਿਧੀਆਂ ਠੀਕ ਅਤੇ ਸੁਚਾਰੂ ਰੂਪ ਵਿੱਚ ਚੱਲ ਰਹੀਆਂ ਹਨ।

3.2.7 ਮਿਸ਼ਨ ਸਮਰੱਥ ਦੀਆਂ ਗਤੀਵਿਧੀਆਂ ਅਨੁਸਾਰ ਲਗਾਤਾਰ ਪੜ੍ਹਾਉਣ ਨਾਲ ਵਿਦਿਆਰਥੀਆਂ ਦਾ ਸਿੱਖਣ ਪੱਧਰ ਵਧੇਗਾ ਇਸ ਲਈ ਸਕੂਲ ਮੁੱਖੀ ਇਹ ਸੁਨਿਸ਼ਚਿਤ ਕਰਨ ਕਿ ਅਧਿਆਪਕ, ਵਿਦਿਆਰਥੀਆਂ ਦੀ ਨਿਰੰਤਰ (15 ਦਿਨਾਂ ਚ ਘੱਟੋ-ਘੱਟ ਇੱਕ ਵਾਰ) ਜਾਂਚ ਕਰਦੇ ਰਹਿਣ।

3.2.8 ਸਕੂਲ ਮੁੱਖੀ ਇਹ ਵੀ ਸੁਨਿਸ਼ਚਿਤ ਕਰਨਗੇ ਕਿ ਅਧਿਆਪਕ ਵਿਦਿਆਰਥੀ ਦੀ ਘੱਟੋ-ਘੱਟ 2-3 ਵਾਰੀ ਜਾਂਚ ਕਰਨ ਤੋਂ ਬਾਅਦ ਹੀ ਉਸ ਨੂੰ ਅਗਲੇ ਪੱਧਰ ਤੇ ਲਿਜਾਣ।

3.2.9 ਸਕੂਲ ਮੁੱਖੀ ਇਹ ਵੀ ਧਿਆਨ ਰੱਖਣਗੇ ਕਿ ਜੋ ਵਿਦਿਆਰਥੀ ਮਿਸ਼ਨ ਸਮਰੱਥ ਦੇ ਟੀਚੇ ਪੂਰੇ ਕਰ ਚੁੱਕੇ ਹਨ ਜਾਂ ਟੀਚਿਆਂ ਤੋਂ ਉੱਪਰ ਹਨ ਉਨ੍ਹਾਂ ਨੂੰ ਰੈਗੂਲਰ ਸਿਲੇਬਸ ਪੜ੍ਹਾਇਆ ਜਾਵੇ।

3.3 **ਸਕੂਲ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ**

3.3.1 ਮਿਸ਼ਨ ਸਮਰੱਥ ਦੇ ਲਈ ਜਮਾਤ ਤੀਸਰੀ ਤੋਂ ਅੱਠਵੀ ਦੇ ਲਈ ਸਕੂਲ ਦੇ ਵਿੱਚ ਲੰਚ ਤੋਂ ਪਹਿਲਾਂ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ।ਜੋ ਕਿ -

| **ਵਿਸ਼ਾ** | **ਪ੍ਰਾਇਮਰੀ** | **ਅੱਪਰ - ਪ੍ਰਾਇਮਰੀ** |
|---|---|---|
| **ਪੰਜਾਬੀ** | **ਰੋਜਾਨਾਂ 1 ਘੰਟਾ** | **80 ਮਿੰਟ (ਦੋ ਪੀਰੀਅਡ)** |
| **ਗਣਿਤ** | **ਰੋਜਾਨਾਂ 1 ਘੰਟਾ** | **40 ਮਿੰਟ (ਇੱਕ ਪੀਰੀਅਡ)** |
| **ਅੰਗਰੇਜ਼ੀ** | **ਰੋਜਾਨਾਂ 1 ਘੰਟਾ** | **40 ਮਿੰਟ (ਇੱਕ ਪੀਰੀਅਡ)** |

3.3.2 ਇਸ ਲਈ ਸਕੂਲ ਮੁੱਖੀ ਆਪਣੇ ਸਕੂਲ ਸਮੇਂ ਵਿੱਚ ਲੋੜੀਦੀਆਂ ਤਬਦੀਲੀਆਂ ਕਰਕੇ 03 ਮਹੀਨੇ ਲਈ ਵਿਸ਼ੇਸ਼ ਟਾਈਮ ਟੇਬਲ ਮਿਸ਼ਨ ਸਮਰੱਥ ਦੇ ਸ਼ੁਰੂ ਹੋਣ ਤੋਂ ਪਹਿਲਾਂ ਤਿਆਰ ਕਰਨਗੇ। (ਟਾਈਮ ਟੇਬਲ ਅਡਜਸਟ ਕਰਨ ਸਬੰਧੀ ਹਦਾਇਤਾਂ ਪੱਤਰ ਨਾਲ ਨੱਥੀ ਹਨ।)

3.3.3 ਸਕੂਲ ਮੁੱਖੀ ਮਿਸ਼ਨ ਸਮਰੱਥ ਦੀ ਸਿਖਲਾਈ ਪ੍ਰਾਪਤ ਅਧਿਆਪਕਾਂ ਨੂੰ ਉਪਰੋਕਤ ਯੋਜਨਾਬੰਦੀ ਅਨੁਸਾਰ ਜਮਾਤਾਂ/ਵਿਸ਼ੇ ਅਲਾਟ ਕਰਨਗੇ।

3.3.4 ਬੱਚਿਆਂ ਦੇ ਸਿੱਖਣ ਪੱਧਰ (learning levels) ਸਮੇਂ-ਸਮੇਂ 'ਤੇ (ਹਰੇਕ 15 ਦਿਨਾਂ ਵਿੱਚ) ਮਾਪਿਆਂ ਨਾਲ ਜਰੂਰ ਸਾਂਝੇ ਕੀਤੇ ਜਾਣ।

**4.0 ਮਿਸ਼ਨ ਸਮਰੱਥ ਦੀਆਂ ਗਤੀਵਿਧੀਆਂ ਨੂੰ ਮੁਨੀਟਰ** ਕਰਨ ਲਈ ਮੁੱਖ ਦਫਤਰ ਦੇ ਅਧਿਕਾਰੀਆਂ ਦੇ ਨਾਲ-ਨਾਲ ਜ਼ਿਲ੍ਹਾ/ਬਲਾਕ/ਕਲੱਸਟਰ ਪੱਧਰ ਦੇ ਅਧਿਕਾਰੀਆਂ/ਕਲੱਸਟਰ ਮੁਖੀਆਂ ਵੱਲੋਂ ਵੀ ਸਕੂਲਾਂ ਨੂੰ ਵਿਜ਼ਿਟ ਕੀਤਾ ਜਾਣਾ ਹੈ, ਇਸ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਯੋਜਨਾਬੰਦੀ ਉਲੀਕੀ ਗਈ ਹੈ:-

4.1 ਮੁੱਖ ਦਫਤਰ ਵਿਖੇ ਹਰ ਜ਼ਿਲ੍ਹੇ ਲਈ ਮਿਸ਼ਨ ਸਮੱਰਥ ਦਾ ਇੱਕ ਨੋਡਲ ਅਫਸਰ ਤੈਨਾਤ ਕੀਤਾ ਗਿਆ ਹੈ।

4.2 ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿੱ) ਦੀ ਅਗਵਾਈ ਵਿੱਚ ਸਾਰੀਆਂ ਗਤੀਵਿਧੀਆਂ ਦਾ ਸੰਚਾਲਨ ਕੀਤਾ ਜਾਣਾ ਹੈ 'ਤੇ ਡੀ.ਈ.ਓ. ਸਾਹਿਬਾਨ ਜ਼ਿਲ੍ਹਾ ਪੱਧਰ 'ਤੇ ਬਤੌਰ ਜ਼ਿਲ੍ਹਾ ਨੋਡਲ ਅਫਸਰ (ਮਿਸ਼ਨ ਸਮਰੱਥ) ਕੰਮ ਕਰਨਗੇ।

4.3 **ਮੁਨੀਟਰਿੰਗ -** ਜ਼ਿਲ੍ਹਾ ਸਿੱਖਿਆ ਅਫਸਰਾਂ (ਸੈ.ਸਿੱ/ਐ.ਸਿੱ), ਬਲਾਕ, ਕਲੱਸਟਰ ਪੱਧਰ 'ਤੇ ਕਲੱਸਟਰ ਇੰਚਾਰਜ, ਬੀ.ਪੀ.ਈ.ਓ. ਅਤੇ ਸੀ.ਐਚ.ਟੀਜ਼.ਦੁਆਰਾ 03 ਮਹੀਨੇ ਦੀ ਮੁਹਿੰਮ ਦੌਰਾਨ ਪਹਿਲੇ ਅੱਧੇ ਸਮੇਂ ਦੌਰਾਨ ਸਕੂਲਾਂ ਨੂੰ ਵਿਜ਼ਿਟ ਕੀਤਾ ਜਾਣਾ ਹੈ। ਇਸ ਦੌਰਾਨ:-

4.3.1 ਸਮੂਹ DEO/Dy. DEO/ ਕਲਸਟਰ ਇੰਚਾਰਜ/BPEO ਦਿਨ ਦੇ ਪਹਿਲੇ ਅੱਧੇ ਸਮੇਂ ਦੌਰਾਨ ਘੱਟੋ-ਘੱਟ ਦੋ ਸਕੂਲ ਹਰ ਰੋਜ਼ ਵਿਜ਼ਿਟ ਕਰਨਗੇ। ਸਕੂਲ ਵਿੱਚ ਸਮਰੱਥ ਪ੍ਰੋਜੈਕਟ ਦੀਆਂ ਚੱਲ ਰਹੀਆਂ ਗਤੀਵਿਧੀਆਂ ਦੀ ਹਰ ਪੱਖ ਤੋਂ ਜਾਂਚ ਕਰਨਗੇ । ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਗੱਲਬਾਤ ਵੀ ਕਰਨਗੇ ਅਤੇ ਹਰੇਕ ਸਕੂਲ ਵਿੱਚ ਘੱਟੋ-ਘੱਟ 5 ਵਿਦਿਆਰਥੀਆਂ ਦਾ ਮੁਲਾਂਕਣ ਵੀ ਚੈੱਕ ਕਰਨਗੇ।

4.3.2 ਸੀ.ਐਚ.ਟੀ. ਹਰ ਰੋਜ਼ ਇੱਕ ਸਕੂਲ ਵਿਜ਼ਿਟ ਕਰੇਗਾ ਅਤੇ ਪਹਿਲੇ ਅੱਧੇ ਸਮੇਂ ਦੌਰਾਨ ਉਸੇ ਸਕੂਲ ਵਿੱਚ ਮੌਜੂਦ ਰਹਿ ਕੇ ਮਿਸ਼ਨ ਸਮਰੱਥ ਅਧੀਨ ਚੱਲ ਰਹੀਆਂ ਗਤੀਵਿਧੀਆਂ ਨੂੰ ਮੁਨੀਟਰ ਕਰੇਗਾ ਅਤੇ ਘੱਟੋ-ਘੱਟ 10 ਵਿਦਿਆਰਥੀਆਂ ਦਾ ਮੁਲਾਂਕਣ ਵੀ ਚੈੱਕ ਕਰੇਗਾ।

4.3.3 ਆਪਣੀ ਵਿਜ਼ਿਟ ਦੇ ਦੌਰਾਨ ਜਰੂਰਤ ਅਨੁਸਾਰ ਗਤੀਵਿਧੀਆਂ ਨਾਲ ਸਬੰਧਿਤ ਡੈਮੋ ਦਿੱਤੀ ਜਾ ਸਕਦੀ ਹੈ।

4.3.4 ਸਮੂਹ ਸਬੰਧਤ ਅਧਿਕਾਰੀ ਆਪਸ ਵਿੱਚ ਤਾਲਮੇਲ ਰੱਖਕੇ ਆਪਣਾ ਵਿਜ਼ਿਟ ਸ਼ਡਿਊਲ ਬਣਾਉਣਗੇ ਅਤੇ ਇੱਕੋ ਦਿਨ ਇਕੱਠੇ ਇੱਕ ਸਕੂਲ ਵਿੱਚ ਵਿਜ਼ਿਟ ਕਰਨ ਤੋਂ ਗੁਰੇਜ਼ ਕਰਨਗੇ ।

4.4 ਉਪਰੋਕਤ ਸਮੂਹ ਅਧਿਕਾਰੀ ਸਕੂਲ ਵਿੱਚ ਆਪਣੀ ਵਿਜ਼ਿਟ ਦੌਰਾਨ ਹੇਠ ਲਿਖੀਆਂ ਗੱਲਾਂ ਵੀ ਯਕੀਨੀ ਬਣਾਉਣਗੇ।

4.4.1 ਸਕੂਲ ਦੇ ਵਿੱਚ ਬੱਚਿਆਂ ਨੂੰ ਮਿਸ਼ਨ ਸਮਰੱਥ ਦੇ ਅਧੀਨ ਢੁੱਕਵੇਂ ਗਰੁੱਪ ਵਿੱਚ ਵੰਡਿਆ ਗਿਆ ਹੋਵੇ।

4.4.2 ਵਿਦਿਆਰਥੀਆਂ ਦੇ ਪੱਧਰ, ਨਿਰਧਾਰਿਤ ਜਾਂਚ ਟੂਲ ਦੀ ਵਰਤੋ ਕਰਕੇ ਹੀ ਮਾਰਕ ਕੀਤੇ ਗਏ ਹਨ।

4.4.3 ਸਕੂਲ ਵਿੱਚ ਬੱਚਿਆਂ ਨਾਲ ਲੈਵਲ ਦੇ ਅਨੁਸਾਰ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹੋਣ।

4.4.4 ਘੱਟੋ-ਘੱਟ ਪੰਜ ਵਿਦਿਆਰਥੀਆਂ ਦੇ ਮਾਰਕਡ ਪੱਧਰ ਦੀ Randomly ਜਾਂਚ ਕੀਤੀ ਜਾਵੇ ਅਤੇ ਜੇ ਵਿਦਿਆਰਥੀਆਂ ਦੀ ਜਾਂਚ ਦੌਰਾਨ ਲੱਗੇ ਕਿ ਜਾਂਚ ਵਿੱਚ ਵੱਡੇ ਪੱਧਰ (ਅੱਧੇ ਜਾਂ ਅੱਧੇ ਤੋਂ ਵੱਧ ਵਿਦਿਆਰਥੀਆਂ ਦੀ ਜਾਂਚ ਗਲਤ ਹੋਣ ਤੇ) ਤੇ ਅਣਗਹਿਲੀ ਜਾਂ ਗਲਤੀ ਹੋਈ ਹੈ ਤਾਂ ਸਕੂਲ ਮੁੱਖੀ ਨੂੰ ਸਾਰੀ ਜਾਂਚ ਦੁਬਾਰਾ ਕਰਨ ਦੀ ਹਦਾਇਤ ਦਿੱਤੀ ਜਾਵੇ।

4.4.5 ਮਿਸ਼ਨ ਸਮਰੱਥ ਅਧੀਨ ਭੇਜਿਆ ਗਿਆ ਮਟੀਰੀਅਲ, ਅਧਿਆਪਕ ਅਤੇ ਬੱਚਿਆਂ ਨੂੰ ਮਿਲ ਗਿਆ ਹੈ ਅਤੇ ਇਸਦੀ ਵਰਤੋਂ ਸਹੀ ਤਰੀਕੇ ਨਾਲ ਕੀਤੀ ਜਾ ਰਹੀ ਹੈ। **ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਇਹ ਯਕੀਨੀ ਬਣਾਉਣਗੇ ਕਿ ਮਿਸ਼ਨ ਸਮਰੱਥ ਤਹਿਤ ਬੀ.ਪੀ..ਈ.ਓ ਆਫਿਸ ਵਿਖੇ ਭੇਜਿਆ ਗਿਆ ਮੈਟੀਰੀਅਲ ਸਕੂਲਾਂ ਵਿੱਚ ਜਲਦ ਤੋਂ ਜਲਦ ਪਹੁੰਚਦਾ ਕੀਤਾ ਜਾਵੇ।**

4.4.6 ਕਲਾਸ ਰੂਮਜ਼ ਦਾ ਨਿਰੀਖਣ ਕਰਨਗੇ ਅਤੇ ਯਕੀਨੀ ਬਣਾਉਣਗੇ ਕਿ ਉੱਥੇ ਅਧਿਆਪਨ ਲਈ ਲੋੜੀਂਦਾ ਢੁਕਵਾਂ ਮਾਹੌਲ ਹੈ।

4.4.7 DEO/Dy. DEO/BPEO/CHT ਇਹ ਯਕੀਨੀ ਬਣਾਉਣਗੇ ਕਿ ਵਿਜ਼ਿਟ ਦੌਰਾਨ ਜੇ ਉਨਾਂ ਨੂੰ ਲਗਦਾ ਹੈ ਕਿ ਕਿਸੇ ਅਧਿਆਪਕ ਨੂੰ ਟਰੇਨਿੰਗ ਦੀ ਜਰੂਰਤ ਹੈ ਤਾਂ ਵਿਭਾਗ ਵੱਲੋਂ ਬਣਾਏ ਗਏ 60 ਸਟੇਟ ਰਿਸੋਰਸ ਪਰਸਨਜ਼ ਦੇ ਪੈਨਲ ਵਿੱਚੋਂ ਸਹੂਲਤ ਅਨੁਸਾਰ ਆਪਣੇ ਨੇੜੇ ਦੇ ਕਿਸੇ ਵੀ ਸਟੇਟ ਰਿਸੋਰਸ ਪਰਸਨ ਨਾਲ ਰਾਬਤਾ ਕਾਇਮ ਕਰਕੇ ਆਪਣੇ ਪੱਧਰ ਤੇ ਉਸ ਅਧਿਆਪਕ ਜਾਂ ਅਧਿਆਪਕਾਂ ਦੀ ਟਰੇਨਿੰਗ ਕਰਵਾਈ ਜਾਵੇ।

4.4.8 ਸਕੂਲਾਂ ਵਿੱਚ ਵਿਜ਼ਿਟ ਦੌਰਾਨ ਸਕੂਲ ਮੁਖੀਆਂ ਅਤੇ ਅਧਿਆਪਕਾਂ ਦੀ ਹਰ ਤਰ੍ਹਾਂ ਦੀ Query ਦਾ ਉਚਿੱਤ ਹੱਲ ਕਰਨਾ ਅਤੇ ਸਕੂਲਾਂ ਅਤੇ ਅਧਿਆਪਕਾਂ ਨੂੰ ਲੋੜੀਂਦੀ Support ਦੇਣਾ ਯਕੀਨੀ ਬਣਾਇਆ ਜਾਵੇ।

4.4.9 ਸਮੂਹ ਅਧਿਕਾਰੀ ਸਹਿਬਾਨ ਆਪਣੀ ਸਕੂਲ ਵਿਜ਼ਿਟ ਦੌਰਾਨ ਮੁੱਖ ਦਫਤਰ ਵੱਲੋਂ ਤਿਆਰ ਕੀਤਾ ਪ੍ਰੋਫਾਰਮਾ (ਨੱਥੀ ਅਨੁਲੱਗ-3) ਆਨਲਾਈਨ ਪੱਧਰ ‘ਤੇ ਭਰਨਗੇ।

4.5 **ਰੀਵਿਊ ਮੀਟਿੰਗ** –ਮਿਸ਼ਨ ਸਮਰੱਥ ਪ੍ਰੋਗਰਾਮ ਦੀ ਪ੍ਰੋਗਰੈਸ ਦੇਖਣ ਦੇ ਲਈ ਮਹੀਨਾਵਾਰ ਰੀਵਿਊ ਮੀਟਿੰਗਜ਼ ਕੀਤੀਆਂ ਜਾਣਗੀਆਂ। ਇਹ ਮੀਟਿੰਗਜ਼ ਸਟੇਟ ਪੱਧਰ ‘ਤੇ ਮੁੱਖ ਦਫਤਰ ਦੁਆਰਾ, ਜ਼ਿਲਾ ਪੱਧਰ ‘ਤੇ ਡੀ.ਈ.ਓ. ਦੁਆਰਾ, ਬਲਾਕ ਪੱਧਰ ‘ਤੇ ਬੀ.ਪੀ.ਈ.ਓ ਦੁਆਰਾ ਅਤੇ ਕਲੱਸਟਰ ਪੱਧਰ ਤੇ ਸੀ.ਐਚ.ਟੀ. ਦੁਆਰਾ ਕੀਤੀਆਂ ਜਾਣਗੀਆਂ।ਹਰੇਕ ਜਿਲ੍ਹੇ ਦੇ ਨੋਡਲ ਅਫ਼ਸਰ ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ ਅਤੇ ਐ.ਸਿ) ਵੱਲੋਂ ਇਹਨਾਂ ਰਿਵਿਊ ਮੀਟਿੰਗਜ਼ ਦੀ ਰਿਪੋਰਟ ਮੁੱਖ ਦਫ਼ਤਰ ਦੀ ਈ-ਮੇਲ ਆਈ.ਡੀ. scerttraining2@punjabeducation.gov.in ਤੇ ਭੇਜੀ ਜਾਣੀ ਯਕੀਨੀ ਬਣਾਈ ਜਾਵੇ।

4.6 ਇਹ ਮੀਟਿੰਗਜ਼ ਹਰ ਮਹੀਨੇ ਫਿਜ਼ੀਕਲ ਤੌਰ ਤੇ ਕੀਤੀਆਂ ਜਾਣ, ਇਨਾਂ ਮੀਟਿੰਗਜ਼ ਨੂੰ ਐਜੂਕੇਸ਼ਨਲ ਵਰਕਸ਼ਾਪ (ਮਿਸ਼ਨ ਸਮਰੱਥ) ਵਜੋਂ ਲਿਆ ਜਾ ਸਕਦਾ ਹੈ ਅਤੇ ਕਿਸੇ ਵੀ ਪ੍ਰਕਾਰ ਦੀ ਵਿਭਾਗ ਨਾਲ ਸਬੰਧਤ ਟਰੇਨਿੰਗ ਵੀ ਇੱਥੇ ਹੀ ਦਿੱਤੀ ਜਾ ਸਕਦੀ ਹੈ।

4.7 ਰੀਵਿਊ ਮੀਟਿੰਗ ਦੌਰਾਨ ਅਧਿਕਾਰੀ ਆਪਣੀਆਂ ਕੀਤੀਆਂ ਗਈਆਂ ਵਿਜਿਟ ਦੇ ਅਧਾਰ 'ਤੇ ਆਪਣਾ ਫੀਡਬੈਕ ਸਾਂਝਾ ਕਰਨ ਤੋਂ ਇਲਾਵਾ ਮਿਸ਼ਨ ਸਮਰਥ ਦੀ ਪ੍ਰਗਤੀ ਬਾਰੇ ਗੱਲਬਾਤ ਕਰਨਗੇ।

5.0 **ਮਿਸ਼ਨ ਸਮਰਥ ਦੀ ਟਾਈਮਲਾਈਨ–** ਮਿਸ਼ਨ ਸਮਰੱਥ ਪ੍ਰੋਗਰਾਮ ਪੰਜਾਬ ਦੇ ਸਾਰੇ ਸਰਕਾਰੀ ਸਕੂਲਾ ਦੇ ਵਿੱਚ ਚਲਾਇਆ ਜਾਵੇਗਾ। ਇਸ ਦੀ ਸਮਾਂ ਸਾਰਣੀ ਹੇਠ ਦਿੱਤੇ ਅਨੁਸਾਰ ਹੈ–

| **ਵਿਸ਼ਾ** | **ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ** |
|---|---|
| **ਪਹਿਲਾ ਮੁਲਾਂਕਣ** | 25 ਅਕਤੂਬਰ-2023 ਤਕ |
| **ਪ੍ਰੋਗਰਾਮ ਦਾ ਸਮਾਂ** | ਤਿੰਨ ਮਹੀਨੇ |
| **ਦੂਸਰਾ ਅਤੇ ਤੀਸਰਾ ਮੁਲਾਂਕਣ** | ਦਸੰਬਰ-2023, ਫਰਵਰੀ-2024 |

6.0 ਬੱਚਿਆਂ ਦੇ ਮੁਲਾਂਕਣ ਪੱਧਰ ਦੇ ਸਹੀ ਡਾਟਾ ਦੀ ਉਪਲਬਧਤਾ ਯਕੀਨੀ ਬਣਾਉਣ ਲਈ, ਅਧਿਆਪਕ ਜਾਣਕਾਰੀ ਇਕੱਠੀ ਕਰਨ ਅਤੇ ਸੰਭਾਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਕਿਉਂਕਿ ਸਹੀ ਡਾਟਾ ਕਿਸੇ ਵੀ ਮਿਸ਼ਨ ਦੀ ਸਫਲਤਾ ਦਾ ਅਧਾਰ ਹੁੰਦਾ ਹੈ ਇਸ ਲਈ ਉਪਲਬਧ ਕਰਵਾਏ ਗਏ ਡਾਟਾ ਦੀ ਸੁਤੰਤਰ ਤੌਰ 'ਤੇ ਜਾਂਚ ਕੀਤੀ ਜਾਵੇਗੀ। ਇਹ ਬੱਚਿਆਂ ਦੀ ਪ੍ਰਗਤੀ ਲਈ ਜ਼ਰੂਰੀ ਹੈ।

7.0 **Inspire Meet–** ਮਾਪਿਆਂ ਨਾਲ ਕੀਤੀ ਜਾਣ ਵਾਲੀ Inspire meet ਦੌਰਾਨ ਵਿਦਿਆਰਥੀ ਦੇ ਮਾਪਿਆਂ ਨੂੰ ਮਿਸ਼ਨ ਸਮਰੱਥ ਦੇ ਟੀਚਿਆਂ ਬਾਰੇ ਅਤੇ ਅਕਤੂਬਰ-2023 ਦੇ ਮੁਲਾਂਕਣ ਵਿੱਚ ਉਹਨਾਂ ਦੇ ਬੱਚਿਆਂ ਦੇ ਪੰਜਾਬੀ, ਗਣਿਤ ਅਤੇ ਅੰਗਰੇਜ਼ੀ ਵਿੱਚ ਪੱਧਰਾਂ ਬਾਰੇ ਵਿਸ਼ੇਸ ਜਾਣਕਾਰੀ ਸਾਂਝੀ ਕੀਤੀ ਜਾਵੇ। ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਸਿੱਖਣ ਪੱਧਰਾਂ ਵਿੱਚ ਸੁਧਾਰਾਂ ਲਈ ਚਲਾਏ ਜਾਣ ਵਾਲੇ ਸਮਰੱਥ ਮਿਸ਼ਨ ਬਾਰੇ ਚਰਚਾ ਕੀਤੀ ਜਾਵੇ।

8.0 ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ**

**ਐਸ.ਸੀ.ਈ.ਆਰ.ਟੀ, ਪੰਜਾਬ।**

**ਪਿਠ ਅੰਕਣ ਨੰ: ਉਕਤ** **ਮਿਤੀ:**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਪੀ.ਏ ਟੂ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਗ), ਪੰਜਾਬ
3. ਪੀ.ਏ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਪੀ.ਏ ਟੂ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
5. ਪੀ.ਏ ਟੂ ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
6. ਸਮੂਹ ਉੱਪ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.)
7. ਸਮੂਹ ਜ਼ਿਲ੍ਹਾ ਨੋਡਲ ਅਫਸਰ (ਮੁਖ ਦਫਤਰ)
8. DM (MIS)- website ਤੇ ਅਪਲੋਡ ਕਰਨ ਲਈ।

ਕਿਰਨਦੀਪ ਕੌਰ 28/11/23

**ਸਹਾਇਕ ਡਾਇਰੈਕਟਰ**

**ਐਸ.ਸੀ.ਈ.ਆਰ.ਟੀ, ਪੰਜਾਬ।**



Scanned with CamScanner

## ਮਿਸ਼ਨ ਸਮਰੱਥ ਤਹਿਤ ਛੇਵੀਂ ਤੋਂ ਅੱਠਵੀਂ ਜਮਾਤਾਂ ਲਈ ਸਕੂਲਾ ਸਮਾਂ ਸਾਰਨੀ ਦੀ ਐਡਜਸਟਮੈਂਟ ਸਬੰਧੀ ਰਿਵਾਇਜ਼ਡ ਹਦਾਇਤਾ:

(1) ਮਿਸ਼ਨ 'ਸਮਰੱਥ' ਦੌਰਾਨ ਅਧਿਆਪਕ ਪਹਿਲੇ ਚਾਰ ਪੀਰੀਅਡਾਂ ਵਿੱਚ ਮਿਸ਼ਨ ਸਮਰੱਥ ਤਹਿਤ ਪੰਜਾਬੀ, ਅੰਗਰੇਜੀ ਅਤੇ ਮੈਥ ਵਿਸ਼ੇ ਦੀਆਂ ਮੁਢਲੀਆਂ ਕੁਸ਼ਲਤਾਵਾਂ ਨੂੰ ਪਰਿਪੱਕ ਕਰਨਗੇ ਅਤੇ ਬਾਕੀ ਦੇ ਪੀਰੀਅਡਾਂ ਵਿੱਚ ਵੱਖ-ਵੱਖ ਵਿਸ਼ਿਆਂ ਨੂੰ ਆਮ ਵਾਂਗ ਪਾਠਕ੍ਰਮ ਅਨੁਸਾਰ ਪੜ੍ਹਾਉਣਗੇ।

| **ਸਮਾਂ-ਸਾਰਨੀ (ਛੇਵੀਂ ਤੋਂ ਅੱਠਵੀਂ) – ਸਾਰੇ ਪੀਰੀਅਡ 40 ਮਿੰਟ ਦੇ** | | | | | | |
|---|---|---|---|---|---|---|
| ਸਮਾਂ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
| | **ਸਵੇਰ ਦੀ ਸਭਾ** | | | | | |
| **ਪਹਿਲਾ ਪੀਰੀਅਡ** | **ਮਿਸ਼ਨ ਸਮਰੱਥ ਤਹਿਤ ਦੋ ਪੀਰੀਅਡ ਪੰਜਾਬੀ, ਇਕ ਪੀਰੀਅਡ ਅੰਗਰੇਜ਼ੀ ਅਤੇ ਇਕ ਪੀਰੀਅਡ ਗਣਿਤ ਨੂੰ ਦਿੱਤਾ ਜਾਵੇਗਾ।** | | | | | |
| **ਦੂਜਾ ਪੀਰੀਅਡ** | | | | | | |
| **ਤੀਜਾ ਪੀਰੀਅਡ** | | | | | | |
| **ਚੌਥਾ ਪੀਰੀਅਡ** | | | | | | |
| **ਪੰਜਵਾਂ ਪੀਰੀਅਡ** | - | - | - | - | - | |
| | **ਅੱਧੀ ਛੁੱਟੀ** | | | | | |
| **ਛੇਵਾਂ ਪੀਰੀਅਡ** | - | - | - | - | - | - |
| **ਸੱਤਵਾਂ ਪੀਰੀਅਡ** | - | - | - | - | - | - |
| **ਅੱਠਵਾਂ ਪੀਰੀਅਡ** | - | - | - | - | - | - |

**ਨੋਟ :** ਸਕੂਲ ਮੁਖੀ ਛੇਵੀਂ ਤੋਂ ਅੱਠਵੀਂ ਜਮਾਤ ਲਈ ਸਮਾਂ-ਸਾਰਨੀ ਵਿੱਚ ਪਹਿਲੇ ਚਾਰ ਪੀਰੀਅਡ ਮਿਸ਼ਨ ਸਮਰੱਥ ਦੇ ਤਿੰਨੋ ਵਿਸ਼ਿਆਂ ਦਾ ਪੜ੍ਹਾਉਣਾ ਲਾਜ਼ਮੀ ਬਣਾਉਣਗੇ। ਪੰਜਵੇਂ ਤੋਂ ਅੱਠਵੇਂ ਪੀਰੀਅਡਾਂ ਦੀ ਸਮਾਂ-ਸਾਰਨੀ ਅੱਗੇ ਦਿੱਤੀ ਸਾਰਨੀ ਅਨੁਸਾਰ ਸੈੱਟ ਕਰਵਾਉਣਗੇ।

***ਜੇਕਰ ਕਿਸੇ ਸਕੂਲ ਵਿੱਚ ਅਧਿਆਪਕਾਂ ਦੀ ਘਾਟ ਹੈ ਜਾਂ ਵਿਦਿਆਰਥੀਆਂ ਦੀ ਸੰਖਿਆ ਬਹੁਤ ਜ਼ਿਆਦਾ ਹੋਣ ਕਾਰਨ ਉਕਤ ਅਨੁਸਾਰ ਸਮਾਂ-ਸਾਰਨੀ ਬਣਾਉਣ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਸਕੂਲ ਮੁਖੀ ਸੰਬੰਧਿਤ ਜ਼ਿਲ੍ਹੇ ਦੇ DEO(SE) ਦੀ ਸਹਿਮਤੀ ਨਾਲ ਸਮਾਂ-ਸਾਰਨੀ ਆਪਣੇ ਅਨੁਸਾਰ ਸੈੱਟ ਕਰ ਸਕਦੇ ਹਨ।***

## ਵਿਸ਼ਾ-ਵਾਰ ਪੀਰੀਅਡਾਂ ਦੀ ਗਿਣਤੀ:

| ਵਿਸ਼ਾ | ਪੀਰੀਅਡਾਂ ਦੀ ਗਿਣਤੀ (Regular) | ਪੀਰੀਅਡਾਂ ਦੀ ਗਿਣਤੀ (Mission 'SAMRATH')<br>ਨੋਟ: ਇਹ ਵੰਡ ਸਿਰਫ ਮਿਸ਼ਨ ਸਮਰੱਥ ਦੌਰਾਨ ਹੀ ਲਾਗੂ ਹੋਵੇਗੀ |
|---|---|---|
| ਅੰਗ੍ਰੇਜ਼ੀ | 8 | 9 |
| ਸਮਾਜਿਕ ਸਿਖਿਆ | 6 | 5 |
| ਪੰਜਾਬੀ | 6 | 12 |
| ਹਿੰਦੀ | 4 | 3 |
| ਗਣਿਤ | 8 | 9 |
| ਵਿਗਿਆਨ | 6 | 5 |
| ਸਰੀਰਕ ਸਿੱਖਿਆ ਅਤੇ ਸਵਾਗਤ ਜ਼ਿੰਦਗੀ | 3 | 2 |
| ਚੋਣਵਾਂ ਵਿਸ਼ਾ | 3 | 1 |
| ਕੰਪਿਊਟਰ | 4 | 2 |
| ਕੁੱਲ | 48 | 48 |